(i) Printed Pages : 3 — Roll No. ...............................

(ii) Questions : 6

**Sub. Code : 0 5 0 8**

**Exam. Code : 0 0 0 6**

**B.A./B.Sc. (General) 6th Semester**

**(2040)**

**PUNJABI**

**Paper : (Elective)**

~~Time Allowed : Three Hours]~~ **[Maximum Marks : 90**

**Note:** Attempt 50% of Total Questions of Question Paper. Time: 2 Hours
All will carry equal marks. Fraction will be lower digit.

1. (ੳ) ਕਿਸੇ **ਇੱਕ** ਕਾਵਿ ਬੰਦ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

   (i) ਦਿਲ ਦਰਦਾਂ ਕੀਤੀ ਪੂਰੀ ਨੀ,
   ਦਿਲ ਦਰਦਾਂ ਕੀਤੀ ਪੂਰੀ।੧।ਰਹਾਉ।
   ਲਖਿ ਕਰੋੜ ਜਿਨ੍ਹਾਂ ਦੇ ਜੁੜਿਆ,
   ਸੋ ਭੀ ਝੂਰੀ ਝੂਰੀ।
   ਭਠਿ ਪਈ ਤੇਰੀ ਚਿੱਟੀ ਚਾਦਰੁ,
   ਚੰਗੀ ਫਕੀਰਾਂ ਦੀ ਭੂਰੀ।

   (ii) ਤਾਂ ਚੋਰੀ ਵੇਖੇ ਹੀਰ ਸਿਆਲੀ, ਮੂੰਹੋਂ ਨਾ ਮੂਲ ਅਲਾਏ।
   ਧਰਤੀ ਉੱਤੇ ਲੀਕਾਂ ਖਟੇ, ਆਖ ਨ ਮੂੰਹੋਂ ਸੁਣਾਏ।
   ਅੰਦਰ ਗਲ ਹੰਢਾਏ ਨੀਂਗਰ, ਦਿਲ ਵਿੱਚ ਫ਼ਿਕਰ ਟਿਕਾਏ।
   ਜੇ ਸੱਚ ਜਾਣਾ ਸਿਰਜਣਹਾਰਾ, ਤਾਂ ਪੀਰਾਂ ਏਹ ਪਲੂ ਪਾਏ। 10

   (ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਲਿਖੋ :

   (i) ਆਪੁ ਨੂੰ ਪਛਾਣਿ

   (ii) ਹੀਰ ਦਾ ਮਾਂ ਨਾਲ ਸੰਵਾਦ। 10

2. (ੳ) ਹੇਠ ਲਿਖੇ ਕਿਸੇ ਕਾਵਿ-ਬੰਦ ਜਾਂ ਵਾਰਤਕ ਟੁਕੜੀ ਦੀ ਸਾਹਿਤਕ ਆਲੋਚਨਾ ਕਰੋ :

ਜੇ ਛੇਆਂ ਵਰ੍ਹਿਆਂ ਦਾ ਧੀਦੋ ਹੋਆ, ਤਾਂ ਸਭ ਕੋ ਵੇਖਣ ਆਵੇ।
ਸੂਰਤ ਸ਼ਕਲ ਵਾਹੁ ਤੁਸਾਡੀ, ਤੇਰਿਆਂ ਬਖ਼ਤਾਂ ਨਾਲ ਨਾ ਦਾਵੇ।
ਜੋ ਵੇਖੇ ਵੱਸ ਥੀਵੇ ਸੇਈ, ਫਾਥਾ ਟੁਰਨ ਨਾ ਪਾਵੇ।
ਆਖ ਦਮੋਦਰ ਤੇਜ ਰਾਂਝੇ ਦਾ, ਭਰਾਵਾਂ ਮੂਲ ਨਾ ਭਾਵੇ।

**ਜਾਂ**

ਸੰਸਾਰ ਵਿੱਚ ਸਾਡੀ ਵੱਖਰੀ ਹੋਂਦ ਆਦਿ ਮਾਂ ਦੀ ਕੁੱਖ ਵਿੱਚ ਹੁੰਦਾ ਹੈ। ਇਸ ਹੋਂਦ ਦਾ ਸੰਕਲਪ ਭਾਵੇਂ ਇੱਕ ਪ੍ਰਕਿਰਤਕ ਕਿਰਿਆ ਹੈ। ਇਸ ਹੋਂਦ ਦਾ ਕਿਰਿਆ ਹੈ, ਪਰ ਬੱਚੇ ਦੇ ਮਾਂ ਦੀ ਕੁੱਖ ਵਿੱਚ ਨਿੰਮਨ ਤੋਂ ਬਾਅਦ ਜੋ ਕਰਤੱਵ ਕੁਦਰਤ ਨੇ ਮਾਂ ਨੂੰ ਦਿੱਤਾ ਹੈ, ਉਸ ਦੇ ਤੁਲ ਹੋਰ ਕੋਈ ਕਰਤੱਵ ਨਹੀਂ। ਕੁਦਰਤ ਨੇ ਆਪਣੀ ਕਰਾਮਾਤੀ ਕਲਾਕਾਰੀ ਤੇ ਕਾਰੀਗਰੀ ਦਾ ਮਾਧਿਅਮ ਮਾਂ ਨੂੰ ਚੁਣਿਆ ਹੈ ਤੇ ਨੌਂ ਮਹੀਨਿਆਂ ਵਿੱਚ ਕੁਦਰਤ ਰੂਪੀ ਕਲਾਕਾਰ ਕਿਵੇਂ ਇੱਕ ਅਣੂ ਰੂਪੀ ਕੀਟਾਂਸ਼ ਤੋਂ ਜੀਵਨ ਨਾਲ ਧੜਕਦੀ ਇੱਕ ਸੋਹਣੀ ਕਿਰਤ ਨੂੰ ਮੁਕੰਮਲ ਕਰ ਦਿੰਦਾ ਹੈ। ਪੀੜਾਂ ਭੰਨੀ ਮਾਂ ਇਸ ਸਮੇਂ ਦੌਰਾਨ ਆਪਣੀ ਰੀਝਾਂ ਦੀ ਖੱਡੀ ਤੇ ਸੁੰਦਰ ਸੁਪਨੇ ਬੁਣਦੀ ਰਹਿੰਦੀ ਹੈ। ਇਸ ਲਈ ਅਸੀਂ ਆਪਣੀ ਸੰਸਾਰਕ ਹੋਂਦ ਲਈ ਕੁਦਰਤ ਤੋਂ ਬਾਅਦ ਕੇਵਲ ਮਾਂ ਦੇ ਦੇਣਦਾਰ ਹਾਂ। ਇਹ ਇੱਕ ਅਜਿਹਾ ਅਹਿਸਾਨ ਹੈ ਜੋ ਕਿਸੇ ਕੀਮਤ ਤੇ ਮੋੜਿਆ ਨਹੀਂ ਜਾ ਸਕਦਾ। ਜਨਮ ਤੋਂ ਬਾਅਦ ਸਾਰਾ ਜੀਵਨ ਮਾਂ-ਹਿਰਦੇ ਵਿੱਚੋਂ ਲਗਾਤਾਰ ਸ਼ੁੱਭ ਇੱਛਾਵਾਂ ਝਰਦੀਆਂ ਰਹਿੰਦੀਆਂ ਹਨ, ਜਿੰਨ੍ਹਾਂ ਵਿੱਚ ਸੁਆਰਥ ਦਾ ਅੰਸ਼ ਉੱਕਾ ਹੀ ਅਲੋਪ ਹੁੰਦਾ ਹੈ। 10

(ਅ) ਕਿਸੇ **ਇੱਕ** ਨਿਬੰਧ ਦੀ ਸਾਹਿਤਕ ਪਰਖ ਕਰੋ :

(i) ਕਿਰਤ (ii) ਜੰਟਲਮੈਨ। 10

3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਦਿਓ :

(1) ਹੀਰ ਦੀ ਨੂਰੇ ਸੰਬਲ ਨਾਲ ਹੋਈ ਲੜਾਈ ਦਾ ਵੇਰਵਾ ਬਿਆਨ ਕਰੋ।

(2) 'ਚੰਦਨ ਰੁੱਖ ਲੱਗਾ ਵਿੱਚ ਵਿਹੜੇ' ਕਾਫੀ ਵਿੱਚ ਕਵੀ ਨੇ ਕੀ ਵਿਚਾਰ ਪੇਸ਼ ਕੀਤਾ ਹੈ ?



(3) ਸ਼ਾਹ ਹੁਸੈਨ ਨੇ ਕਿਹੜੇ ਵਪਾਰ ਨੂੰ ਝੂਠਾ ਕਿਹਾ ਹੈ ?

(4) ਧੀਦੋ ਰਾਂਝੇ ਨੇ ਘਰ ਕਿਉਂ ਛੱਡਿਆ ਤੇ ਉਹ ਕਿੱਥੇ ਪਹੁੰਚਿਆ ?

(5) ਲੇਖਕ ਅਨੁਸਾਰ ਕਿਰਤੀ ਅਤੇ ਅਮੀਰ ਲੋਕਾਂ ਵਿੱਚ ਕੀ ਅੰਤਰ ਹੈ ?

(6) ਗੰਗਾਦੀਨ ਕਿਹੋ ਜਿਹਾ ਕਾਰੀਗਰ ਸੀ ?

(7) 'ਕੁੱਤਿਆਂ ਦੀ ਲੜਾਈ' ਨਿਬੰਧ ਦਾ ਵਿਸ਼ਾ ਬਿਆਨ ਕਰੋ।

(8) ਲੇਖਕ ਅਨੁਸਾਰ ਦੂਜਿਆਂ ਦੀ ਸੇਵਾ ਲਈ ਅਰਦਾਸ ਕਰਨਾ ਕਿਉਂ ਚੰਗਾ ਹੈ ? 5×2=10

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਪੰਜਾਬੀ ਕਿੱਸਾ ਕਾਵਿ ਦਾ ਮੋਢੀ ਕੌਣ ਹੈ ? ਉਸ ਦੇ ਕਿੱਸੇ ਦੀਆਂ ਖ਼ੂਬੀਆਂ ਬਿਆਨ ਕਰੋ।

(2) ਆਦਿ ਕਾਲ ਤੋਂ 1700 ਈ. ਤਕ ਦੇ ਸੂਫੀ ਕਵੀਆਂ ਸੰਬੰਧੀ ਸੰਖੇਪ ਜਾਣਕਾਰੀ ਦਿਉ।

(3) ਗੁਰੂ ਨਾਨਕ ਕਾਲ ਦੇ ਜੰਗਨਾਮਿਆਂ ਦੇ ਵਿਸ਼ੇ ਕਿਹੋ ਜਿਹੇ ਹਨ ?

(4) ਪੀਲੂ ਨੇ ਪੰਜਾਬੀ ਵਿੱਚ ਕਿਹੜਾ ਕਿੱਸਾ ਲਿਖਿਆ ਅਤੇ ਉਸ ਦੇ ਕਿੱਸੇ ਦਾ ਅੰਤ ਕਿਹੋ ਜਿਹਾ ਹੈ ?

(5) ਹਾਫ਼ਿਜ਼ ਬਰਖੁਰਦਾਰ ਨੇ ਕਿਹੜੇ-ਕਿਹੜੇ ਕਿੱਸੇ ਲਿਖੇ ਅਤੇ ਉਸ ਦੁਆਰਾ ਵਰਤੀ ਭਾਸ਼ਾ ਬਾਰੇ ਜਾਣਕਾਰੀ ਦਿਉ।

(6) ਸ਼ਾਹ ਹੁਸੈਨ ਦੀ ਰਚਨਾ ਦੇ ਵਿਸ਼ੇ ਅਤੇ ਵਿਸ਼ੇਸ਼ਤਾਈਆਂ ਬਾਰੇ ਦੱਸੋ। 5×4=20

5. ਕਿਸੇ **ਇੱਕ** ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(1) ਅਰਸਤੂ ਦਾ ਅਨੁਕਰਨ ਸਿਧਾਂਤ।

(2) ਮਾਰਕਸਵਾਦ। 10

6. ਕਿਸੇ **ਇੱਕ** ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(1) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਤੇ ਖੇਤਰ।

(2) ਭਾਸ਼ਾ ਵਿਗਿਆਨ ਤੇ ਮਨੋਵਿਗਿਆਨ। 10